*ਛੂਤ ਦੇ ਰੋਗ ਦੀ ਤੱਥਸ਼ੀਟ*

# ਲਾਕੜਾ–ਕਾਕੜਾ ਅਤੇ ਸ਼ਿੰਗਲਜ ਜਾਂ ਚਮੜੀ ਰੋਗ

***ਲਾਕੜਾ–ਕਾਕੜਾ (Chickenpox) ਇੱਕ ਆਮ ਪਾਈ ਜਾਣ ਵਾਲੀ ਵਾਇਰਲ ਛੂਤ ਹੈ ਜੋ ਕਿ ਬਾਅਦ ਵਿੱਚ ਵੀ ਇੱਕ ਗੰਭੀਰ ਕਿਸਮ ਦੇ ਚਮੜੀ ਰੋਗ ਸ਼ਿੰਗਲਜ (shingles) ਵਜੋਂ ਮੁੜ ਉਜਾਗਰ ਹੋ ਸਕਦਾ ਹੈ। ਸਾਰੇ ਨਵ-ਜਨਮੇ ਬੱਚਿਆਂ ਅਤੇ ਗ਼ੈਰ-ਸੁਰੱਖਿਅਤ ਬਾਲਗ਼ਾਂ ਲਈ ਇੱਕ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।***

## ਲਾਕੜਾ–ਕਾਕੜਾ (chickenpox) ਕੀ ਹੈ?

- ਲਾਕੜਾ–ਕਾਕੜਾ ਇੱਕ ਅਜਿਹਾ ਵਾਇਰਲ ਰੋਗ ਹੈ ਜੋ ਕਿ herpes zoster ਨਾਂਅ ਦੇ ਵਾਇਰਸ ਦੁਆਰਾ ਹੁੰਦਾ ਹੈ (ਇਸ ਨੂੰ Varicella-Zoster ਵਾਇਰਸ ਦੇ ਨਾਂਅ ਨਾਲ਼ ਵੀ ਜਾਣਿਆ ਜਾਂਦਾ ਹੈ)
- ਬੱਚੇ ਇਸ ਨਾਲ ਆਮ ਤੌਰ ’ਤੇ ਹਲਕੇ ਜਿਹੇ ਬਿਮਾਰ ਹੋ ਜਾਂਦੇ ਹਨ।
- ਜਿਹੜੇ ਵਿਅਕਤੀਆਂ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਕੁੱਝ ਦੱਬੀ ਹੋਈ ਹੁੰਦੀ ਹੈ, ਉਨ੍ਹਾਂ ਵਿੱਚ ਅਤੇ ਬਾਲਗ਼ਾਂ ਵਿੱਚ ਲਾਕੜਾ–ਕਾਕੜਾ ਰੋਗ ਵਧੇਰੇ ਗੰਭੀਰ ਹੋ ਸਕਦਾ ਹੈ।
- ਗਰਭਕਾਲ ਵਿੱਚ ਜੇ ਇਹ ਛੂਤ ਲੱਗ ਜਾਵੇ ਤਾਂ ਭਰੂਣ ਵਿੱਚ ਨੁਕਸ ਪੈਦਾ ਕਰ ਸਕਦੀ ਹੈ, ਚਮੜੀ ’ਤੇ ਦਾਗ਼ ਪੈ ਸਕਦੇ ਹਨ, ਅਤੇ ਬੱਚੇ ਵਿੱਚ ਹੋਰ ਵੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।
- 2006 ’ਚ ਲਗਾਤਾਰ (ਰੁਟੀਨ) ਟੀਕਾਕਰਣ ਸ਼ੁਰੂ ਹੋਣ ਤੋਂ ਪਹਿਲਾਂ, ਲਾਕੜਾ–ਕਾਕੜਾ ਇੱਕ ਬੇਹੱਦ ਆਮ ਹੋਣ ਵਾਲੀ ਬਿਮਾਰੀ ਹੁੰਦੀ ਸੀ। ਜਿਉਂ ਜਿਉਂ ਹੋਰ ਲੋਕ ਇਸ ਵੈਕਸੀਨ ਨੂੰ ਹਾਸਲ ਕਰਨਗੇ ਤਾਂ ਲਾਕੜਾ–ਕਾਕੜਾ ਰੋਗ ਹੋਣ ਦੀ ਸੰਭਾਵਨਾ ਵੀ ਘਟਦੀ ਜਾਵੇਗੀ।

## ਇਸ ਦੇ ਲੱਛਣ ਕੀ ਹਨ?

- ਲਾਕੜਾ–ਕਾਕੜਾ (chickenpox) ਰੋਗ ਦੀ ਸ਼ੁਰੂਆਤ ਅਚਾਨਕ ਹਲਕੇ ਜਿਹੇ ਬੁਖ਼ਾਰ, ਨੱਕ ਦੇ ਵਗਣ, ਆਮ ਤੌਰ ’ਤੇ ਠੀਕ ਮਹਿਸੂਸ ਨਾ ਕਰਨ ਅਤੇ ਚਮੜੀ ਦੀ ਛਪਾਕੀ ਨਾਲ ਹੁੰਦੀ ਹੈ।
- ਇਹ ਛਪਾਕੀ ਆਮ ਤੌਰ ’ਤੇ ਛੋਟੇ ਦਾਣਿਆਂ ਵਾਂਗੂ ਸ਼ੁਰੂ ਹੁੰਦੀ ਹੈ ਅਤੇ ਬਾਅਦ ’ਚ ਇਹ ਛਾਲਿਆਂ ਵਿੱਚ ਬਦਲ ਜਾਂਦੀ ਹੈ ਅਤੇ ਇਸ ਉਤੇ ਖਰੀਂਢ ਆ ਜਾਂਦਾ ਹੈ।
- ਛਪਾਕੀ ਤਿੰਨ ਤੋਂ ਚਾਰ ਦਿਨਾਂ ਤੱਕ ਰਹਿੰਦੀ ਹੈ। ਕਿਸੇ ਇੱਕ ਸਮੇਂ, ਛਪਾਕੀ ਦੇ ਜ਼ਖ਼ਮਾਂ ਦੇ ਹਾਲਾਤ ਬਦਲਦੇ ਰਹਿੰਦੇ ਹਨ।
- ਇਸ ਦੇ ਲੱਛਣ ਆਮ ਤੌਰ ’ਤੇ ਇਹ ਲਾਗ ਲੱਗਣ ਦੇ ਦੋ ਹਫ਼ਤਿਆਂ ਮਗਰੋਂ ਸਾਹਮਣੇ ਆਉਂਦੇ ਹਨ।
- ਬਹੁਤੇ ਲੋਕ ਬਿਨਾਂ ਕਿਸੇ ਸਮੱਸਿਆਵਾਂ ਦੇ ਠੀਕ ਹੋ ਜਾਂਦੇ ਹਨ, ਪਰੰਤੂ ਕਏ ਵਾਰ ਇਸ ਛੂਤ ਨਾਲ ਗੰਭੀਰ ਕਿਸਮ ਦੀਆਂ ਸਮੱਸਿਆਵਾਂ, ਜਿਵੇਂ ਕਿ ਨਿਮੋਨੀਆ ਅਤੇ ਦਿਮਾਗ਼ ਦੀ ਸੋਜ ਪੈਦਾ ਹੋ ਸਕਦੀਆਂ ਹਨ। ਬਹੁਤ ਹੀ ਘੱਟ ਮਾਮਲਿਆਂ ਵਿੱਚ, ਇਹ ਛੂਤ ਘਾਤਕ ਵੀ ਹੋ ਸਕਦਾ ਹੈ।

## ਇਹ ਰੋਗ ਕਿਵੇਂ ਫੈਲਦਾ ਹੈ?

- ਬਿਮਾਰੀ ਦੇ ਅਰੰਭ ਵਿੱਚ, ਇਹ ਵਾਇਰਸ ਖੰਘ ਰਾਹੀਂ ਫੈਲਦਾ ਹੈ।
- ਬਾਅਦ ਵਿੱਚ, ਇਹ ਵਾਇਰਸ ਛਾਲਿਆਂ ਵਿਚਲੇ ਤਰਲ ਪਦਾਰਥ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਫੈਲਦਾ ਹੈ।
- ਇਹ ਛੂਤ ਉਨ੍ਹਾਂ ਵਿਅਕਤੀਆਂ ਨੂੰ ਬਹੁਤ ਛੇਤੀ ਲਗਦੀ ਹੈ ਜਿਨ੍ਹਾਂ ਨੂੰ ਪਹਿਲਾਂ ਕਦੇ ਲਾਕੜਾ-ਕਾਕੜਾ (chickenpox) ਨਹੀਂ ਹੋਇਆ ਜਾਂ ਜਿਨ੍ਹਾਂ ਦਾ ਟੀਕਾਕਰਣ ਨਹੀਂ ਹੋਇਆ।
- ਛਪਾਕੀ ਨਿੱਕਲਣ ਦੇ ਇੱਕ ਜਾਂ ਦੋ ਦਿਨ ਪਹਿਲਾਂ ਹੀ ਲੋਕ ਛੂਤਮਈ ਬਣ ਜਾਂਦੇ ਹਨ (ਭਾਵ, ਨੱਕ ਵਗਣ ਦੇ ਸਮੇਂ ਤੋਂ ਹੀ) ਅਤੇ ਇਹ ਸਥਿਤੀ ਮਗਰੋਂ ਦੇ (ਜਦੋਂ ਛਾਲੇ ਜਾਂ ਖਰੀਂਢ ਬਣ ਜਾਂਦੇ ਹਨ) ਪੰਜ ਦਿਨਾਂ ਤੱਕ ਵੀ ਬਣੀ ਰਹਿੰਦੀ ਹੈ
- ਲਾਕੜੇ-ਕਾਕੜੇ ਦੀ ਛੂਤ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਤਾਕਤਵਰ ਬਣਾ ਦਿੰਦੀ ਹੈ ਅਤੇ ਇਸੇ ਲਈ ਲੋਕਾਂ ਨੂੰ ਲਾਕੜਾ-ਕਾਕੜਾ ਦੋ ਵਾਰ ਨਹੀਂ ਹੁੰਦਾ।

## ਖ਼ਤਰੇ 'ਚ ਕੌਣ ਹੈ?

- ਉਹ ਵਿਅਕਤੀ, ਜਿਸ ਨੂੰ ਕਦੇ ਲਾਕੜਾ-ਕਾਕੜਾ (chickenpox) ਨਹੀਂ ਨਿਕਲਿਆ ਜਾਂ ਜਿਨ੍ਹਾਂ ਨੇ ਪਹਿਲਾਂ ਕਦੇ ਇਸ ਲਈ ਟੀਕਾਕਰਣ ਨਹੀਂ ਕਰਵਾਇਆ, ਉਨ੍ਹਾਂ ਨੂੰ ਲਾਕੜਾ-ਕਾਕੜਾ ਨਿਕਲ ਸਕਦਾ ਹੈ।
- ਜਿਹੜੇ ਲੋਕਾਂ ਨੂੰ ਪਹਿਲਾਂ ਲਾਕੜਾ-ਕਾਕੜਾ ਨਿਕਲ ਚੁਕਾ ਹੈ, ਉਨ੍ਹਾਂ ਦੇ ਇਸ ਵਾਇਰਸ ਤੋਂ ਸੁਰੱਖਿਅਤ ਬਣੇ ਰਹਿਣ ਦੀ ਸੰਭਾਵਨਾ ਹੁੰਦੀ ਹੈ। ਜਿਹੜੇ ਬਾਲਗਾਂ ਦੇ ਪਹਿਲਾਂ ਲਾਕੜਾ-ਕਾਕੜਾ ਨਹੀਂ ਵੀ ਨਿਕਲਿਆ, ਉਹ ਵੀ ਇਸ ਤੋਂ ਸੁਰੱਖਿਅਤ ਰਹਿ ਸਕਦੇ ਹਨ (ਕਿਉਂਕਿ ਹੋ ਸਕਦਾ ਹੈ ਕਿ ਪਿਛਲੀ ਛੂਤ ਹਲਕੀ ਜਿਹੀ ਰਹੀ ਹੋਵੇ)। ਕਈ ਵਾਰ ਡਾਕਟਰ ਇਹ ਵੇਖਣ ਲਈ ਖ਼ੂਨ ਦਾ ਇੱਕ ਟੈਸਟ ਕਰ ਸਕਦੇ ਹਨ ਕਿ ਇਨ੍ਹਾਂ ਨੂੰ ਟੀਕਾਕਰਣ ਦੀ ਜ਼ਰੂਰਤ ਹੈ ਜਾਂ ਨਹੀਂ।

## ਇਸ ਦੀ ਰੋਕਥਾਮ ਕਿਵੇਂ ਕੀਤੀ ਜਾਂਦੀ ਹੈ?

- ਹੁਣ 18 ਮਹੀਨਿਆਂ ਦੀ ਉਮਰ ਦੇ ਸਾਰੇ ਬੱਚਿਆਂ ਅਤੇ ਹਾਈ ਸਕੂਲ ਦੇ ਪਹਿਲੇ ਸਾਲ ਵਿੱਚ ਪੜ੍ਹ ਰਹੇ ਉਨ੍ਹਾਂ ਬੱਚਿਆਂ ਲਈ ਇੱਕ ਮੁਫ਼ਤ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਲਾਕੜਾ-ਕਾਕੜਾ ਵੈਕਸੀਨ ਹਾਸਲ ਨਹੀਂ ਕੀਤਾ ਅਤੇ ਜਿਨ੍ਹਾਂ ਨੂੰ ਪਹਿਲਾਂ ਕਦੇ ਲਾਕੜਾ-ਕਾਕੜਾ ਨਹੀਂ ਨਿਕਲਿਆ।
- ਇਸ ਵੈਕਸੀਨ ਦੀ ਸਿਫ਼ਾਰਸ਼ 14 ਸਾਲ ਅਤੇ ਵੱਧ ਉਮਰ ਦੇ ਉਨ੍ਹਾਂ ਵਿਅਕਤੀਆਂ ਲਈ ਕੀਤੀ ਜਾਂਦੀ ਹੈ ਜਿਹੜੇ ਸੁਰੱਖਿਅਤ ਨਹੀਂ ਹਨ। ਇਸ ਵਿੱਚ 1 ਤੋਂ 2 ਮਹੀਨਿਆਂ ਦੇ ਫ਼ਰਕ ਨਾਲ ਦੋ ਖ਼ੁਰਾਕਾਂ ਸ਼ਾਮਲ ਹੁੰਦੀਆਂ ਹਨ। ਇਸ ਦੀ ਸਿਫ਼ਾਰਸ਼ ਵੱਧ ਖ਼ਤਰੇ ਹੇਠ ਜਿਉ ਰਹੇ ਲੋਕਾਂ ਲਈ ਕੀਤੀ ਜਾਂਦੀ ਹੈ, ਉਦਾਹਰਣ ਦੇ ਤੌਰ 'ਤੇ, ਸਿਹਤ ਸੰਭਾਲ ਕਾਮੇ, ਛੋਟੇ ਬੱਚਿਆਂ ਨਾਲ ਰਹਿ ਰਹੇ ਜਾਂ ਕੰਮ ਕਰ ਰਹੇ ਲੋਕ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੀਆਂ ਔਰਤਾਂ, ਅਤੇ ਘਰ ਵਿੱਚ ਸੰਪਰਕ ਅੰਦਰ ਰਹਿਣ ਵਾਲੇ ਉਹ ਵਿਅਕਤੀ ਜਿਨ੍ਹਾਂ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਹੈ।
- ਲਾਕੜਾ-ਕਾਕੜਾ (chickenpox) ਤੋਂ ਪੀੜਤ ਵਿਅਕਤੀਆਂ ਨੂੰ ਹੋਰਨਾਂ ਦੇ ਨੇੜੇ ਜਾਣ ਤੋਂ (ਅਤੇ ਉਨ੍ਹਾਂ ਨੂੰ ਬਾਲ ਸੰਭਾਲ ਕੇਂਦਰ ਜਾਂ ਸਕੂਲ ਵਿੱਚ ਨਹੀਂ ਜਾਣਾ ਚਾਹੀਦਾ) ਛਪਾਕੀ ਨਿੱਕਲਣ ਦੇ ਘੱਟੋ ਘੱਟ ਪੰਜ ਦਿਨ ਮਗਰੋਂ ਅਤੇ ਸਾਰੇ ਛਾਲਿਆਂ ਦੇ ਸੁੱਕ ਜਾਣ ਤੱਕ ਬਚਣਾ ਚਾਹੀਦਾ ਹੈ।
- ਲਾਕੜਾ-ਕਾਕੜਾ ਤੋਂ ਪੀੜਤ ਲੋਕਾਂ ਨੂੰ ਖੰਘਣ ਜਾਂ ਨਿੱਛਾਂ ਮਾਰਨ ਸਮੇਂ ਆਪਣਾ ਨੱਕ ਅਤੇ ਮੂੰਹ ਢੱਕ ਕੇ ਰੱਖਣਾ ਚਾਹੀਦਾ ਹੈ, ਗੰਦੇ ਟਿਸ਼ੂ ਕੂੜੇਦਾਨ 'ਚ ਸੁੱਟ ਦੇਣੇ ਚਾਹੀਦੇ ਹਨ, ਆਪਣੇ ਹੱਥ ਚੰਗੀ ਤਰ੍ਹਾਂ ਧੋਣੇ ਅਤੇ ਖਾਣ ਵਾਲੇ ਬਰਤਨ, ਜਾਂ ਪੀਣ ਵਾਲੇ ਕੱਪ ਆਦਿ ਇੱਕ ਦੂਜੇ ਨਾਲ ਸਾਂਝੇ ਨਹੀਂ ਕਰਨੇ ਚਾਹੀਦੇ।
- ਗਰਭਵਤੀ ਔਰਤਾਂ ਨੂੰ ਲਾਕੜਾ-ਕਾਕੜਾ ਜਾਂ ਸ਼ਿੰਗਲਜ (shingles) ਤੋਂ ਪੀੜਤ ਕਿਸੇ ਵੀ ਵਿਅਕਤੀ ਨੂੰ ਮਿਲਣ ਤੋਂ ਬਚਣਾ ਚਾਹੀਦਾ ਹੈ ਅਤੇ ਜੇ ਉਹ ਆਪਣੇ ਆਲੇ ਦੁਆਲੇ ਅਜਿਹੀ ਕੋਈ ਬਿਮਾਰੀ ਵੇਖਣ ਤਾਂ ਉਨ੍ਹਾਂ ਨੂੰ ਆਪਣੇ ਡਾਕਟਰ ਨੂੰ ਮਿਲਣਾ ਚਾਹੀਦਾ ਹੈ।
- ਜਿਹੜੇ ਬੱਚਿਆਂ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਹੈ (ਉਦਾਹਰਣ ਵਜੋਂ, ਲਿਊਕੀਮੀਆ ਵਾਲੇ) ਜਾਂ ਜਿਹੜੇ ਕੀਮੋਥਰੈਪੀ ਹਾਸਲ ਕਰ ਰਹੇ ਹਨ, ਉਨ੍ਹਾਂ ਨੂੰ ਲਾਕੜਾ-ਕਾਕੜਾ ਜਾਂ ਸ਼ਿੰਗਲਜ ਤੋਂ ਪੀੜਤ ਕਿਸੇ ਵੀ ਵਿਅਕਤੀ ਨੂੰ ਮਿਲਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਛੂਤ ਉਨ੍ਹਾਂ ਲਈ ਖ਼ਾਸ ਤੌਰ ਤੇ ਬਹੁਤ ਗੰਭੀਰ ਹੋ ਸਕਦੀ ਹੈ।

## ਇਸ ਰੋਗ ਦੀ ਪਛਾਣ ਕਿਵੇਂ ਹੁੰਦੀ ਹੈ?

ਬਹੁਤੇ ਮਾਮਲਿਆਂ ਦੀ ਪਛਾਣ ਲੱਛਣਾਂ ਦੇ ਆਧਾਰ ਉਤੇ ਹੀ ਕੀਤੀ ਜਾਂਦੀ ਹੈ ਅਤੇ ਜਾਂ ਜਦੋਂ ਛਪਾਕੀ ਨਿੱਕਲ ਆਉਂਦੀ ਹੈ। ਕਈ ਵਾਰ ਇਸ ਰੋਗ ਦੀ ਪਛਾਣ ਦੀ ਪੁਸ਼ਟੀ ਛਪਾਕੀ ਜਾਂ ਖ਼ੂਨ ਦੇ ਨਮੂਨਿਆਂ ਦੇ ਪਰੀਖਣ ਕਰਨ ਮਗਰੋਂ ਹੀ ਹੁੰਦੀ ਹੈ।

## ਚਮੜੀ ਦਾ ਰੋਗ ਜਾਂ ਸ਼ਿੰਗਲਜ (shingles) ਕੀ ਹੈ?

- ਲਾਕੜਾ-ਕਾਕੜਾ ਦੇ ਵਾਇਰਸ ਦੇ ਮੁੜ ਉਜਾਗਰ ਹੋ ਜਾਣ ਨਾਲ ਸ਼ਿੰਗਲਜ ਹੋ ਜਾਂਦਾ ਹੈ, ਇਹ ਆਮ ਤੌਰ ’ਤੇ ਬਾਲਗ਼ਾਂ ਨੂੰ ਲਾਕੜੇ-ਕਾਕੜੇ ਦੀ ਪਹਿਲੀ ਬਿਮਾਰੀ ਦੇ ਕਈ ਸਾਲਾਂ ਮਗਰੋਂ ਹੁੰਦਾ ਹੈ।
- ਇਸ ਬਿਮਾਰੀ ਵਿੱਚ ਲਾਕੜਾ-ਕਾਕੜਾ ਵਰਗੀ ਦਰਦਨਾਕ ਛਪਾਕੀ ਚਮੜੀ ਦੇ ਇੱਕ ਛੋਟੇ ਜਿਹੇ ਖੇਤਰ ਉਤੇ, ਆਮ ਤੌਰ ਤੇ ਸਰੀਰ ਦੇ ਇੱਕ ਪਾਸੇ ਹੁੰਦੀ ਹੈ।
- ਛਪਾਕੀ ਕਾਰਣ ਹੋਣ ਵਾਲਾ ਦਰਦ ਅਤੇ ਝਰਨਾਹਟ ਇਹ ਛਪਾਕੀ ਸਾਫ਼ ਹੋਣ ਦੇ ਕਈ ਹਫ਼ਤਿਆਂ ਅਤੇ ਮਹੀਨਿਆਂ ਤੱਕ ਵੀ ਜਾਰੀ ਰਹਿ ਸਕਦੇ ਹਨ। ਇਸ ਨੂੰ post-herpetic neuralgia ਕਹਿੰਦੇ ਹਨ।
- ਇਹ ਵਾਇਰਸ ਛੂਤਗ੍ਰਸਤ ਲੋਕਾਂ ਦੀ ਚਮੜੀ ਉਤੇ ਮੌਜੂਦ ਛਪਾਕੀ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਫੈਲ ਸਕਦਾ ਹੈ। ਇਸ ਨਾਲ ਉਨ੍ਹਾਂ ਲੋਕਾਂ ਨੂੰ ਲਾਕੜਾ-ਕਾਕੜਾ ਨਿਕਲ ਆਉਂਦਾ ਹੈ, ਜਿਹੜੇ ਸੁਰੱਖਿਅਤ ਨਹੀਂ ਹਨ।
- ਸ਼ਿੰਗਲਜ ਜ਼ਿਆਦਾਤਰ ਤੇ ਆਮ ਤੌਰ ਤੇ ਉਨ੍ਹਾਂ ਲੋਕਾਂ ਵਿੱਚ ਵਧੇਰੇ ਵਿਕਸਤ ਹੁੰਦਾ ਹੈ, ਜਿਨ੍ਹਾਂ ਦੇ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਹੈ ਜਾਂ ਦੱਬੀ ਹੋਈ ਹੈ।

## ਇਸ ਦੀ ਰੋਕਥਾਮ ਕਿਵੇਂ ਹੁੰਦੀ ਹੈ?


ਸ਼ਿੰਗਲਜ (shingles) ਦਾ ਇਲਾਜ ਵਿਸ਼ੇਸ਼ ਐਂਟੀ-ਵਾਇਰਲ ਦਵਾਈਆਂ ਜਿਵੇਂ ਕਿ acyclovir ਰਾਹੀਂ ਕੀਤਾ ਜਾ ਸਕਦਾ ਹੈ। ਤੁਹਾਡਾ ਡਾਕਟਰ (ਜਨਰਲ ਪ੍ਰੈਕਟੀਸ਼ਨਰ) ਇਸ ਛੂਤ ਦੇ ਲੱਛਣਾਂ ਨਾਲ ਜੁੜੀ ਬੇਆਰਾਮੀ ਜਾਂ ਬੇਚੈਨੀ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਸਲਾਹ ਦੇ ਸਕਦਾ ਹੈ। ਲਾਕੜੇ-ਕਾਕੜੇ (chickenpox) ਦੀ ਛੂਤ ਆਮ ਤੌਰ ਤੇ ਬਿਨਾਂ ਇਲਾਜ ਦੇ ਠੀਕ ਹੋ ਜਾਂਦੀ ਹੈ।

## ਜਨ ਸਿਹਤ ਹੁੰਗਾਰਾ ਕੀ ਹੈ?

ਲਾਕੜਾ-ਕਾਕੜਾ ਬਾਰੇ NSW ਵਿੱਚ ਇਸ ਵੇਲੇ ਅਧਿਸੂਚਿਤ ਕਰਨ ਦੀ ਜ਼ਰੂਰਤ ਨਹੀਂ ਹੈ ਪਰ ਇਸ ਰੋਗ ਉਤੇ ਨਜ਼ਰ ਐਮਰਜੈਂਸੀ ਵਿਭਾਗਾਂ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਅਤੇ ਲਾਕੜਾ-ਕਾਕੜਾ ਜਾਂ ਸ਼ਿੰਗਲਜ ਦੀ ਛੂਤ ਤੋਂ ਪੀੜਤ ਹਸਪਤਾਲ ’ਚ ਦਾਖ਼ਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਰਾਹੀਂ ਰੱਖੀ ਜਾਂਦੀ ਹੈ।

- ਵੈਕਸੀਨ ਲਾਕੜੇ-ਕਾਕੜੇ ਤੋਂ ਰੋਕਥਾਮ ਕਰਦਾ ਹੈ, ਭਾਂਵੇਂ ਇਹ ਲਾਗ ਲੱਗਣ ਦੇ ਪੰਜ ਦਿਨਾਂ ਮਗਰੋਂ ਤੱਕ ਵੀ ਦੇ ਦਿੱਤਾ ਜਾਵੇ।
- ਥੋੜ੍ਹੇ ਸਮੇਂ ਦੇ ਟੀਕਾਕਰਣ varicella-zoster immunoglobulin (VZIG) - ਜੋ ਕਿ ਦਾਨ ਕੀਤੇ ਖ਼ੂਨ ਵਿੱਚਲੇ ਐਂਟੀਬਾਡੀਜ਼ ਤੋਂ ਬਣਦਾ ਹੈ - ਉਨ੍ਹਾਂ ਲੋਕਾਂ ਲਈ ਬੀਮਾਰੀ ਤੋਂ ਰੋਕਥਾਮ ਕਰ ਸਕਦਾ ਹੈ, ਜਿਨ੍ਹਾਂ ਦੇ ਗੰਭੀਰ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਫਸਣ ਦੀ ਵਧੇਰੇ ਸੰਭਾਵਨਾ ਰਹਿੰਦੀ ਹੈ। ਵਾਇਰਸ ਦੇ ਪ੍ਰਭਾਵੀ ਹੋਣ ਲਈ ਇਸ ਨੂੰ ਲਾਗ ਲੱਗਣ ਦੇ 96 ਘੰਟਿਆਂ ਦੇ ਅੰਦਰ ਦੇਣ ਦੀ ਲੋੜ ਹੁੰਦੀ ਹੈ। ਸਮੱਸਿਆਵਾਂ ਪੈਦਾ ਹੋਣ ਦੇ ਵਧੇਰੇ ਖ਼ਤਰੇ ਵਾਲੇ ਲੋਕਾਂ ਵਿੱਚ ਉਹ ਗਰਭਵਤੀ ਔਰਤਾਂ ਵੀ ਹਨ ਜਿਨ੍ਹਾਂ ਨੂੰ ਪਹਿਲਾਂ ਲਾਕੜਾ-ਕਾਕੜਾ ਨਾ ਨਿਕਲਿਆ ਹੋਵੇ ਅਤੇ ਜਿਹੜੇ ਸੁਰੱਖਿਅਤ ਨਹੀਂ ਹਨ, ਨਵਜਨਮੇ ਬੱਚੇ, ਅਤੇ ਕੁੱਝ ਉਹ ਮਰੀਜ਼ ਜਿਨ੍ਹਾਂ ਦੇ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਹੈ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055**

**www.health.nsw.gov.au**